ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026

ISSN: 2583-9446 (O)
Paper Published Id: ARMN040101
Available online at: www.armaan.org.in
DOI: https://doi.org/10.64119/armaan.vol.4.issue1.01

# ਭਾਰਤ ਵਿੱਚ ਕੇਂਦਰ-ਰਾਜ ਸਬੰਧ: ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਵਿਸ਼ਲੇਸ਼ਣ

# Bharat Vich Kender-Raj Sanbandh: Sarkaria Commission Dia Sifarshan Da Vishleshan

**ਜਸਪਾਲ ਸ਼ਰਮਾ (Jaspal Sharma)**
ਸਹਾਇਕ ਪ੍ਰੋਫੈਸਰ, ਰਾਜਨੀਤੀ ਸ਼ਾਸਤਰ (Assistant Professor, Political Science)
ਪੰਜਾਬੀ ਯੂਨੀਵਰਸਿਟੀ ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ, ਮਾਨਸਾ (ਪੰਜਾਬ)
Email ID: jaspalsharma2793@gmail.com ਮੋਬਾਈਲ: +91-94786-29445

**ਸਾਰ (Abstract)**

*ਭਾਰਤ ਵਿੱਚ ਸੰਘਾਤਮਿਕ ਸ਼ਾਸਨ ਪ੍ਰਣਾਲੀ ਹੈ ਜਿਸ ਵਿੱਚ ਸ਼ਕਤੀਆਂ ਦੀ ਵੰਡ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਕੀਤੀ ਗਈ ਹੈ ਅਤੇ ਸ਼ਕਤੀਆਂ ਦੀ ਇਹ ਵੰਡ ਹੀ ਕੇਂਦਰ ਅਤੇ ਰਾਜਾਂ ਵਿਚਕਾਰ ਵਿਵਾਦ ਦਾ ਕਾਰਨ ਰਹੀ ਹੈ। ਭਾਰਤ ਵਿੱਚ ਕੇਂਦਰ-ਰਾਜ ਸਬੰਧਾਂ ਦਾ ਇਤਿਹਾਸ ਕਾਫ਼ੀ ਤਣਾਅ ਵਾਲਾ ਰਿਹਾ ਹੈ। ਇਸ ਤਣਾਅ ਨੂੰ ਦੂਰ ਕਰਨ ਅਤੇ ਸਬੰਧਾਂ ਨੂੰ ਬਿਹਤਰ ਬਣਾਉਣ ਦੇ ਲਈ ਵੱਖ-ਵੱਖ ਕੇਂਦਰ ਸਰਕਾਰਾਂ ਦੁਆਰਾ ਸਮੇਂ-ਸਮੇਂ ਤੇ ਕਈ ਕੋਸ਼ਿਸ਼ਾਂ ਵੀ ਕੀਤੀਆਂ ਜਾ ਚੁੱਕੀਆਂ ਹਨ। ਵੱਖ-ਵੱਖ ਕੇਂਦਰ ਸਰਕਾਰਾਂ ਦੁਆਰਾ ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਹੁਣ ਤੱਕ ਕਈ ਕਮੇਟੀਆਂ ਅਤੇ ਆਯੋਗਾਂ ਦਾ ਗਠਨ ਕੀਤਾ ਜਾ ਚੁੱਕਿਆ ਹੈ। ਸਰਕਾਰੀਆ ਕਮਿਸ਼ਨ ਇਹਨਾਂ ਵਿੱਚੋਂ ਹੀ ਇੱਕ ਸੀ। ਸਰਕਾਰੀਆ ਕਮਿਸ਼ਨ ਦਾ ਗਠਨ 1983 ਵਿੱਚ ਕੀਤਾ ਗਿਆ ਅਤੇ ਇਸ ਨੇ ਆਪਣੀ ਰਿਪੋਰਟ 1987 ਵਿੱਚ ਸਰਕਾਰ ਕੋਲ ਜਮ੍ਹਾਂ ਕਰਵਾਈ। ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਸਰਕਾਰੀਆ ਕਮਿਸ਼ਨ ਨੇ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ ਜਿਨ੍ਹਾਂ ਵਿੱਚੋਂ ਕੁਝ ਕੁ ਸਿਫ਼ਾਰਸ਼ਾਂ ਨੂੰ ਹੀ ਪੂਰਨ ਰੂਪ ਵਿੱਚ ਲਾਗੂ ਕੀਤਾ ਗਿਆ ਹੈ। ਸਬੰਧਿਤ ਖੋਜ ਪੱਤਰ ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਵਿਸ਼ਲੇਸ਼ਣ ਤੇ ਕੇਂਦਰਿਤ ਹੈ।*

*ਕੀਵਰਡ (Keyword): ਕੇਂਦਰ-ਰਾਜ ਸਬੰਧ, ਕਮਿਸ਼ਨ, ਸਰਕਾਰ, ਰਾਜਪਾਲ, ਸੰਵਿਧਾਨ।*

ਭਾਰਤ ਵਿੱਚ ਮੌਜੂਦਾ ਸੰਘੀ ਪ੍ਰਣਾਲੀ ਦੀ ਨੀਂਹ 1919 ਅਤੇ 1935 ਦੇ ਭਾਰਤ ਸਰਕਾਰ ਐਕਟ ਦੁਆਰਾ ਰੱਖੀ ਗਈ ਹੈ। 1919 ਦੇ ਐਕਟ ਅਨੁਸਾਰ ਭਾਰਤ ਵਿੱਚ ਪਹਿਲੀ ਵਾਰ ਵਿਸ਼ਿਆਂ ਨੂੰ ਸੰਘ ਅਤੇ ਇਸ ਦੀਆਂ ਇਕਾਈਆਂ ਦੇ ਵਿਚਕਾਰ ਵੰਡਿਆ ਗਿਆ। ਭਾਰਤ ਸਰਕਾਰ ਐਕਟ,1935 ਅਨੁਸਾਰ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਸ਼ਕਤੀਆਂ ਨੂੰ ਵੰਡਣ ਲਈ ਤਿੰਨ ਸੂਚੀਆਂ ਬਣਾਈਆਂ ਗਈਆਂ। ਅਜ਼ਾਦੀ ਤੋਂ ਬਾਅਦ ਭਾਰਤੀ ਲੀਡਰਸ਼ਿਪ ਨੇ ਦੇਸ਼ ਲਈ ਸੰਘੀ ਰਾਜਨੀਤੀ ਦੀ ਚੋਣ ਕੀਤੀ ਪਰ ਇਹ ਦੇਖਿਆ ਗਿਆ ਹੈ ਕਿ ਭਾਰਤੀ ਸੰਘਵਾਦ ਰਾਜਾਂ ਪ੍ਰਤੀ ਪੱਖਪਾਤੀ ਹੈ। ਦੂਜੇ ਸ਼ਬਦਾਂ ਵਿੱਚ ਇਹ ਕਹਿ ਸਕਦੇ ਹਾਂ ਕਿ ਭਾਰਤੀ ਸੰਘਵਾਦ ਮਜ਼ਬੂਤ ਕੇਂਦਰ ਦੇ ਪੱਖ ਵਿੱਚ ਹੈ। ਭਾਰਤੀ ਸੰਵਿਧਾਨ ਭਾਰਤ ਨੂੰ ਰਾਜਾਂ ਦਾ ਸੰਘ ਘੋਸ਼ਿਤ ਕਰਦਾ ਹੈ। ਕੇਂਦਰ ਅਤੇ ਰਾਜਾਂ ਵਿਚਕਾਰ ਸਬੰਧ ਸਥਾਪਿਤ ਕਰਨ ਲਈ ਸੰਵਿਧਾਨ ਦੁਆਰਾ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ ਪਰ ਇਹ ਵੰਡ ਕੇਂਦਰ ਦੇ ਪੱਖ ਵਿੱਚ ਹੈ ਅਤੇ ਰਾਜਾਂ ਦੀਆਂ ਸ਼ਕਤੀਆਂ ਕਾਫ਼ੀ ਸੀਮਿਤ ਹਨ। ਕੇ.ਸੀ. ਵੀਅਰ ਦੇ ਅਨੁਸਾਰ:

> *"The Indian Constitution established indeed a system of government which is at the most quasi-federal, a unitary state with subsidiary unitary features rather than a federal state with unitary features."*[1]

ਭਾਰਤੀ ਸੰਵਿਧਾਨ ਕੇਂਦਰ ਅਤੇ ਰਾਜ ਪੱਧਰ ਉੱਤੇ ਵੱਖਰੀਆਂ ਸਰਕਾਰਾਂ ਦੀ ਵਿਵਸਥਾ ਕਰਦਾ ਹੈ ਅਤੇ ਇਹ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ, ਪ੍ਰਸ਼ਾਸ਼ਕੀ ਅਤੇ ਵਿੱਤੀ ਸਬੰਧਾਂ ਦੀ ਵਿਸਥਾਰ ਵਿੱਚ ਵਿਆਖਿਆ ਕਰਦਾ ਹੈ।

**ਵਿਧਾਨਕ ਸਬੰਧ :**

ਸੰਵਿਧਾਨ ਦਾ ਭਾਗ ਗਿਆਰਾਂ (ਅਨੁਛੇਦ 245-255) ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ ਸਬੰਧਾਂ ਨਾਲ ਸਬੰਧਿਤ ਹੈ। ਸੰਵਿਧਾਨ ਦੁਆਰਾ ਵਿਧਾਨਕ ਸ਼ਕਤੀਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ। ਸੰਘ ਸੂਚੀ ਵਿੱਚ 97, ਰਾਜ ਸੂਚੀ ਵਿੱਚ 66 ਅਤੇ ਸਮਵਰਤੀ ਸੂਚੀ ਵਿੱਚ 47 ਵਿਸ਼ੇ ਰੱਖੇ ਗਏ ਹਨ। ਸੰਘ ਸੂਚੀ ਵਿੱਚ ਰੱਖਿਆ, ਵਿਦੇਸ਼ ਮੰਤਰਾਲੇ, ਡਾਕ, ਬੈਂਕਿੰਗ ਆਦਿ ਸ਼ਾਮਲ ਹਨ। ਰਾਜ ਸੂਚੀ ਵਿੱਚ ਸਿਹਤ, ਪੁਲਿਸ, ਕਾਨੂੰਨ ਵਿਵਸਥਾ ਆਦਿ ਅਤੇ ਸਮਵਰਤੀ ਸੂਚੀ ਵਿੱਚ ਅਪਰਾਧਿਕ ਕਾਨੂੰਨ, ਕਿਰਤ ਭਲਾਈ, ਸਮਾਜਿਕ ਯੋਜਨਾਬੰਦੀ, ਸਿੱਖਿਆ ਆਦਿ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

**ਪ੍ਰਸ਼ਾਸ਼ਕੀ ਸਬੰਧ :**

ਸੰਵਿਧਾਨ ਦੇ ਭਾਗ ਗਿਆਰਾਂ ਵਿੱਚ ਸ਼ਾਮਲ ਅਨੁਛੇਦ 256-263 ਤੱਕ ਕੇਂਦਰ ਅਤੇ ਰਾਜਾਂ ਵਿਚਕਾਰ ਪ੍ਰਸ਼ਾਸ਼ਕੀ ਸਬੰਧਾਂ ਨਾਲ ਸਬੰਧਿਤ ਹਨ। ਧਾਰਾ 256 ਅਤੇ 257 ਤਹਿਤ ਕੇਂਦਰ ਸਰਕਾਰ ਰਾਜਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਦੀ ਹੈ।

**ਵਿੱਤੀ ਸਬੰਧ :**

ਸੰਵਿਧਾਨ ਦੇ ਭਾਗ ਬਾਰਾਂ ਦੇ ਅਨੁਛੇਦ 268-293 ਤੱਕ ਕੇਂਦਰ ਅਤੇ ਰਾਜਾਂ ਵਿਚਕਾਰ ਵਿੱਤੀ ਸਬੰਧਾਂ ਨਾਲ ਸਬੰਧਿਤ ਹਨ। ਅਨੁਛੇਦ 280 ਅਧੀਨ ਭਾਰਤ ਦੇ

ਰਾਸ਼ਟਰਪਤੀ ਦੁਆਰਾ ਹਰ ਪੰਜ-ਸਾਲਾਂ ਲਈ ਵਿੱਤ ਆਯੋਗ ਦਾ ਗਠਨ ਕੀਤਾ ਜਾਂਦਾ ਹੈ।

*"ਵਿੱਤ ਆਯੋਗ ਦਾ ਮੁੱਖ ਕੰਮ ਸੰਘ ਅਤੇ ਰਾਜਾਂ ਦੇ ਵਿਚਕਾਰ ਆਮਦਨ ਕਰ ਦੀ ਵੰਡ ਕਰਨਾ ਹੈ।"*[2]

**ਸਰਕਾਰੀਆ ਕਮਿਸ਼ਨ ਦਾ ਗਠਨ :**

ਭਾਰਤ ਵਿੱਚ ਲੰਮੇ ਸਮੇਂ ਤੋਂ ਕੇਂਦਰ-ਰਾਜ ਸਬੰਧਾਂ ਨੂੰ ਮੁੜ ਵਿਚਾਰਨ ਦੀ ਮੰਗ ਚੱਲ ਰਹੀ ਸੀ। ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਕੇਂਦਰ ਸਰਕਾਰ ਦੁਆਰਾ ਸਰਕਾਰੀਆ ਕਮਿਸ਼ਨ ਦਾ ਗਠਨ ਕੀਤਾ ਗਿਆ। 1983 ਵਿੱਚ ਰਣਜੀਤ ਸਿੰਘ ਸਰਕਾਰੀਆ ਦੀ ਪ੍ਰਧਾਨਗੀ ਹੇਠ ਸਰਕਾਰੀਆ ਕਮਿਸ਼ਨ ਦਾ ਗਠਨ ਕੀਤਾ ਗਿਆ। ਬੀ. ਸਿਵਾਰਮਨ ਅਤੇ ਡਾਕਟਰ ਐਸ. ਆਰ. ਸੇਨ ਇਸ ਕਮਿਸ਼ਨ ਦੇ ਮੈਂਬਰ ਸਨ। ਕਮਿਸ਼ਨ ਨੇ ਚਾਰ ਸਾਲ ਬਾਅਦ 27 ਅਕਤੂਬਰ, 1987 ਨੂੰ ਆਪਣੀ ਰਿਪੋਰਟ ਪੇਸ਼ ਕੀਤੀ।

*"ਕਮਿਸ਼ਨ ਨੇ ਕੁੱਲ 247 ਸਿਫ਼ਾਰਸ਼ਾਂ ਕੀਤੀਆਂ ਜਿਨ੍ਹਾਂ ਵਿੱਚੋਂ 24 ਸਿਫ਼ਾਰਸ਼ਾਂ ਨੂੰ ਰੱਦ ਕਰ ਦਿੱਤਾ ਗਿਆ, 10 ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਨਾਲ ਸਵੀਕਾਰ ਨਹੀਂ ਕੀਤਾ ਗਿਆ ਅਤੇ 36 ਸਿਫ਼ਾਰਸ਼ਾਂ ਨੂੰ ਕੁਝ ਬਦਲਾਵਾਂ ਦੇ ਨਾਲ ਸਵੀਕਾਰ ਕਰ ਲਿਆ ਗਿਆ।"*[3]

ਇਹ ਸਿਫ਼ਾਰਸ਼ਾਂ ਕੇਂਦਰ ਅਤੇ ਰਾਜਾਂ ਵਿਚਕਾਰ ਵਿਧਾਨਕ, ਪ੍ਰਸ਼ਾਸ਼ਕੀ ਅਤੇ ਵਿੱਤੀ ਸਬੰਧਾਂ ਨਾਲ ਸਬੰਧਿਤ ਸਨ। ਸਰਕਾਰੀਆ ਕਮਿਸ਼ਨ ਦੀਆਂ ਮਹੱਤਵਪੂਰਨ ਸਿਫ਼ਾਰਸ਼ਾਂ ਇਸ ਪ੍ਰਕਾਰ ਹਨ:-

**ਸੰਕਟਕਾਲੀਨ ਉਪਬੰਧ :**

ਸੰਵਿਧਾਨ ਦੀ ਧਾਰਾ 356 ਦੀ ਦੁਰਵਰਤੋਂ ਕੇਂਦਰ-ਰਾਜ ਸਬੰਧਾਂ ਵਿੱਚ ਬਹਿਸ ਅਤੇ ਵਿਵਾਦ ਦਾ ਵਿਸ਼ਾ ਰਹੀ ਹੈ। 1950 ਤੋਂ ਲੈਕੇ ਹੁਣ ਤੱਕ ਵੱਖ-ਵੱਖ ਕੇਂਦਰੀ ਸਰਕਾਰਾਂ ਦੁਆਰਾ ਲਗਭਗ 134 ਵਾਰ ਧਾਰਾ 356 ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਸਰਕਾਰੀਆ ਕਮਿਸ਼ਨ ਨੇ ਧਾਰਾ 356 ਨਾਲ ਸਬੰਧਿਤ 12 ਸਿਫ਼ਾਰਸ਼ਾਂ ਕੀਤੀਆਂ। ਕਮਿਸ਼ਨ ਨੇ ਸੁਝਾਅ ਦਿੱਤਾ ਕਿ ਧਾਰਾ 356 ਦੀ ਵਰਤੋਂ ਘੱਟ ਤੋਂ ਘੱਟ ਅਤੇ ਆਖ਼ਰੀ ਉਪਾਅ ਵਜੋਂ ਹੀ ਹੋਣੀ ਚਾਹੀਦੀ ਹੈ। ਕਮਿਸ਼ਨ ਨੇ ਇਸ ਧਾਰਾ ਸਬੰਧੀ ਸਿਫ਼ਾਰਸ਼ ਕਰਦਿਆਂ ਲਿਖਿਆ ਕਿ

*"ਧਾਰਾ 356 ਤਹਿਤ ਕਾਰਵਾਈ ਕਰਨ ਤੋਂ ਪਹਿਲਾਂ ਰਾਜ ਸਰਕਾਰ ਨੂੰ ਚਿਤਾਵਨੀ ਦਿੱਤੀ ਜਾਣੀ ਚਾਹੀਦੀ ਹੈ। ਚਿਤਾਵਨੀ ਦੇ ਬਾਵਜੂਦ ਜੇਕਰ ਰਾਜ ਸਰਕਾਰ ਆਪਣੀ ਗ਼ਲਤੀ ਨੂੰ ਦੂਰ ਨਹੀਂ ਕਰਦੀ ਤਾਂ ਹੀ ਰਾਸ਼ਟਰਪਤੀ ਰਾਜ ਲਗਾਇਆ ਜਾਵੇ।"*[4]

**ਅੰਤਰ-ਰਾਜੀ ਪ੍ਰੀਸ਼ਦ :**

ਭਾਰਤੀ ਸੰਵਿਧਾਨ ਦਾ ਆਰਟੀਕਲ 263 ਭਾਰਤੀ ਰਾਸ਼ਟਰਪਤੀ ਨੂੰ ਅੰਤਰ-ਰਾਜੀ ਵਿਵਾਦਾਂ ਦੀ ਜਾਂਚ ਕਰਨ ਅਤੇ ਸਲਾਹ ਦੇਣ ਲਈ ਅੰਤਰ-ਰਾਜੀ ਕੌਂਸਲ ਸਥਾਪਿਤ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਸਰਕਾਰੀਆ ਕਮਿਸ਼ਨ ਨੇ ਅੰਤਰ-ਰਾਜੀ ਕੌਂਸਲ ਨੂੰ 'ਅੰਤਰ-ਸਰਕਾਰੀ ਕੌਂਸਲ' ਨਾਮ ਦੇਣ ਦੀ ਸਿਫ਼ਾਰਸ਼ ਕੀਤੀ। ਕਮਿਸ਼ਨ ਅਨੁਸਾਰ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਸਾਰੇ ਰਾਜਾਂ ਦੇ ਮੁੱਖ ਮੰਤਰੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਨੁਮਾਇੰਦੇ ਅੰਤਰ-ਸਰਕਾਰੀ ਕੌਂਸਲ ਦੇ ਮੈਂਬਰ ਹੋਣਗੇ। ਸਰਕਾਰ ਨੇ ਕੁਝ ਤਬਦੀਲੀਆਂ ਦੇ ਨਾਲ ਇਸ ਸਿਫ਼ਾਰਸ਼ ਨੂੰ ਸਵੀਕਾਰ ਕਰਦਿਆਂ, 1990 ਵਿੱਚ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਅੰਤਰ-ਰਾਜੀ ਕੌਂਸਲ ਦੀ ਸਥਾਪਨਾ ਕੀਤੀ। ਕਮਿਸ਼ਨ ਨੇ ਅੰਤਰ-ਰਾਜੀ ਕੌਂਸਲ ਸਬੰਧੀ ਸਿਫ਼ਾਰਸ਼ ਕਰਦਿਆਂ ਆਪਣੀ ਰਿਪੋਰਟ ਵਿੱਚ ਲਿਖਿਆ ਕਿ

*"ਅੰਤਰ-ਰਾਜੀ ਕੌਂਸਲ ਨੂੰ ਇੱਕ ਸਥਾਈ ਅਤੇ ਸੁਤੰਤਰ ਰਾਸ਼ਟਰੀ ਮੰਚ ਵਜੋਂ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।"*[5]

**ਜ਼ੋਨਲ ਪ੍ਰੀਸ਼ਦਾਂ :**

ਜ਼ੋਨਲ ਪ੍ਰੀਸ਼ਦਾਂ ਦੀ ਸਥਾਪਨਾ ਰਾਜਾਂ ਦੇ ਪੁਨਰਗਠਨ ਅਧਿਨਿਯਮ 1956 ਦੇ ਤਹਿਤ ਕੀਤੀ ਗਈ ਸੀ। ਇਸ ਅਨੁਸਾਰ ਭਾਰਤ ਦੇ ਸਾਰੇ ਖੇਤਰ ਨੂੰ ਪੰਜ ਜ਼ੋਨਾਂ ਦੇ ਵਿੱਚ ਵੰਡਿਆ ਗਿਆ: ਉੱਤਰੀ ਜ਼ੋਨ, ਕੇਂਦਰੀ ਜ਼ੋਨ,ਪੂਰਬੀ ਜ਼ੋਨ, ਪੱਛਮੀ ਜ਼ੋਨ ਅਤੇ ਦੱਖਣੀ ਜ਼ੋਨ। ਜ਼ੋਨਲ ਪ੍ਰੀਸ਼ਦਾਂ ਦੀ ਸਿਰਜਣਾ ਦਾ ਮੁੱਖ ਉਦੇਸ਼ ਸਮਾਜਿਕ ਅਤੇ ਆਰਥਿਕ ਖੇਤਰ ਵਿੱਚ ਅੰਤਰ-ਰਾਜੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਅਤੇ ਰਾਜਾਂ ਵਿਚਲੇ ਆਪਸੀ ਵਿਵਾਦਾਂ ਨੂੰ ਘਟਾਉਣਾ ਸੀ। ਭਾਰਤ ਵਿੱਚ ਪੰਜ ਜ਼ੋਨਲ ਪ੍ਰੀਸ਼ਦਾਂ ਹਨ ਅਤੇ ਕੇਂਦਰੀ ਮੰਤਰੀ ਜ਼ੋਨਲ ਪ੍ਰੀਸ਼ਦਾਂ ਦਾ ਚੇਅਰਮੈਨ ਹੁੰਦਾ ਹੈ। ਸਰਕਾਰੀਆ ਕਮਿਸ਼ਨ ਨੇ ਇਹ ਵਿਚਾਰ ਪ੍ਰਗਟ ਕੀਤਾ ਕਿ ਜ਼ੋਨਲ ਪ੍ਰੀਸ਼ਦਾਂ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਰਹੀਆਂ ਹਨ। ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ

*"ਇਹਨਾਂ ਪ੍ਰੀਸ਼ਦਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਧਾਰਾ 263 ਦੇ ਤਹਿਤ ਜ਼ੋਨਲ ਪ੍ਰੀਸ਼ਦਾਂ ਨੂੰ ਗਠਿਤ ਕੀਤਾ ਜਾਵੇ ਤਾਂ ਕਿ ਇਹਨਾਂ ਨੂੰ ਸੰਵਿਧਾਨਕ ਦਰਜਾ ਮਿਲ ਸਕੇ। ਇਸ ਤੋਂ ਇਲਾਵਾ ਹਰੇਕ ਜ਼ੋਨਲ ਪ੍ਰੀਸ਼ਦ ਦਾ ਆਪਣਾ ਇੱਕ ਸਕੱਤਰੇਤ ਵੀ ਹੋਣਾ ਚਾਹੀਦਾ ਹੈ।"*[6]

**ਯੋਜਨਾ ਆਯੋਗ :**

ਯੋਜਨਾ ਆਯੋਗ ਦੀ ਸਥਾਪਨਾ 15 ਮਾਰਚ, 1950 ਨੂੰ ਹੋਈ ਸੀ। ਇਸ ਦਾ ਮੁੱਖ ਕੰਮ ਪੰਜ ਸਾਲਾਂ ਯੋਜਨਾਵਾਂ ਦਾ ਨਿਰਮਾਣ ਕਰਨਾ ਸੀ। ਯੋਜਨਾ ਆਯੋਗ ਨੂੰ 15 ਅਗਸਤ, 2014 ਨੂੰ ਭੰਗ ਕਰ ਦਿੱਤਾ ਗਿਆ ਅਤੇ ਇਸ ਦੀ ਜਗ੍ਹਾ ਤੇ 01 ਜਨਵਰੀ, 2015 ਨੂੰ ਨੀਤੀ ਆਯੋਗ ਦਾ ਗਠਨ ਕੀਤਾ ਗਿਆ। ਯੋਜਨਾ ਆਯੋਗ ਦੀ ਸਥਾਪਨਾ ਸੰਵਿਧਾਨ ਦੇ ਆਰਟੀਕਲ 39 ਦੇ ਤਹਿਤ ਕੀਤੀ ਗਈ ਸੀ ਜੋ ਕਿ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਹਿੱਸਾ ਹੈ। ਯੋਜਨਾ ਆਯੋਗ ਸਬੰਧੀ ਸਰਕਾਰੀਆ ਕਮਿਸ਼ਨ ਨੇ ਸੁਝਾਅ ਦਿੱਤਾ ਕਿ ਯੋਜਨਾ ਆਯੋਗ ਨੂੰ ਇੱਕ ਖੁਦਮੁਖ਼ਤਿਆਰ ਸੰਸਥਾ ਬਣਾਉਣਾ ਚਾਹੀਦਾ ਹੈ ਅਤੇ ਯੋਜਨਾ ਆਯੋਗ ਨੂੰ ਯੋਜਨਾਬੰਦੀ ਦੀ ਪੂਰੀ ਪ੍ਰਕਿਰਿਆ ਦੇ ਵੱਖ-ਵੱਖ ਪੱਧਰਾਂ ਤੇ ਰਾਜ ਸਰਕਾਰਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਹੈ।

**ਸਰਵ ਭਾਰਤੀ ਸੇਵਾਵਾਂ :**

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਸਰਵ ਭਾਰਤੀ ਸੇਵਾਵਾਂ ਦੀ ਭੂਮਿਕਾ

ਬਹੁਤ ਮਹੱਤਵਪੂਰਨ ਹੈ। ਭਾਰਤੀ ਸੰਵਿਧਾਨ, ਸਰਵ ਭਾਰਤੀ ਸੇਵਾਵਾਂ ਦੇ ਗਠਨ ਦੀ ਵਿਵਸਥਾ ਕਰਦਾ ਹੈ।

*"The All India Services Act,1951 provides that the Union Government can make rules for the requirement of terms of service of the appointed persons for All India Service and regularizing the rules."*[7]

ਸਰਵ ਭਾਰਤੀ ਸੇਵਾਵਾਂ ਕੇਂਦਰ ਅਤੇ ਰਾਜਾਂ ਵਿਚਕਾਰ ਤਣਾਅ ਦਾ ਕਾਰਨ ਰਹੀਆਂ ਹਨ ਫਿਰ ਵੀ ਸਰਕਾਰੀਆ ਕਮਿਸ਼ਨ ਨੇ ਦੇਖਿਆ ਕਿ ਸਰਵ ਭਾਰਤੀ ਸੇਵਾਵਾਂ ਦੇਸ਼ ਦੀ ਏਕਤਾ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਇਸ ਲਈ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਇਹਨਾਂ ਸੇਵਾਵਾਂ ਦਾ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀਆ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ :-

*"ਸਿੱਖਿਆ, ਖੇਤੀਬਾੜੀ, ਉਦਯੋਗ, ਇੰਜੀਨੀਅਰਿੰਗ, ਮੈਡੀਕਲ ਅਤੇ ਸਿਹਤ ਦੇ ਖੇਤਰਾਂ ਵਿੱਚ ਵੀ ਸਰਵ ਭਾਰਤੀ ਸੇਵਾਵਾਂ ਸਥਾਪਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।"*[8]

**ਰਾਜਪਾਲ ਦੀ ਭੂਮਿਕਾ :**

ਰਾਜਪਾਲ ਰਾਜ ਦਾ ਸੰਵਿਧਾਨਕ ਮੁਖੀ ਹੁੰਦਾ ਹੈ। ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਭਾਰਤੀ ਸੰਵਿਧਾਨ ਦੇ ਆਰਟੀਕਲ 155 ਦੇ ਤਹਿਤ ਕੀਤੀ ਜਾਂਦੀ ਹੈ। ਸਰਕਾਰੀਆ ਕਮਿਸ਼ਨ ਨੇ ਰਾਜਪਾਲ ਨਾਲ ਸਬੰਧਿਤ ਕਈ ਸਿਫ਼ਾਰਸ਼ਾਂ ਕੀਤੀਆਂ। ਸਰਕਾਰੀਆ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਸੁਝਾਅ ਦਿੱਤਾ ਕਿ ਰਾਜਪਾਲ ਨੂੰ ਬਿਨਾਂ ਕਿਸੇ ਠੋਸ ਕਾਰਨ ਦੇ ਉਸ ਦੇ ਪੰਜ ਸਾਲ ਦੇ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਨਹੀਂ ਹਟਾਇਆ ਜਾਣਾ ਚਾਹੀਦਾ। ਕਮਿਸ਼ਨ ਦੇ ਅਨੁਸਾਰ ਰਾਜਪਾਲ ਸਬੰਧਿਤ ਰਾਜ ਤੋਂ ਬਾਹਰ ਦਾ ਵਿਅਕਤੀ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਸਰਗਰਮ ਸਿਆਸਤਦਾਨ ਨੂੰ ਸਬੰਧਿਤ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਤੋਂ ਬਿਨਾਂ ਰਾਜਪਾਲ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ।

**ਰਾਜਪਾਲਾਂ ਦੁਆਰਾ ਬਿੱਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣਾ:**

ਭਾਰਤੀ ਸੰਵਿਧਾਨ ਦੇ ਆਰਟੀਕਲ 200 ਦੇ ਤਹਿਤ ਰਾਜਪਾਲ ਕਿਸੇ ਬਿੱਲ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖ ਸਕਦਾ ਹੈ। ਰਾਜਪਾਲ ਦੀ ਇਹ ਸ਼ਕਤੀ ਕਾਫ਼ੀ ਵਿਵਾਦਾਂ ਵਿੱਚ ਰਹੀ ਹੈ। ਇਸ ਲਈ ਸਰਕਾਰੀਆ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਇਸ ਨੂੰ ਖ਼ਾਸ ਜਗ੍ਹਾ ਦਿੱਤੀ ਹੈ ਅਤੇ ਆਪਣੀ ਰਿਪੋਰਟ ਦੇ ਅਧਿਆਇ ਪੰਜ ਵਿੱਚ ਇਸ ਬਾਰੇ ਚਰਚਾ ਕੀਤੀ ਹੈ। ਰਾਜਪਾਲ ਦੀ ਇਹ ਸ਼ਕਤੀ ਸਬੰਧੀ ਸਰਕਾਰੀਆ ਕਮਿਸ਼ਨ ਨੇ ਸਿਫ਼ਾਰਸ਼ ਕਰਦਿਆਂ ਕਿਹਾ ਕਿ :-

*"ਬਿੱਲ ਨੂੰ ਮਨਜ਼ੂਰੀ ਦੇਣ ਸਮੇਂ ਰਾਜਪਾਲ ਨੂੰ ਮੰਤਰੀ ਮੰਡਲ ਦੀ ਸਲਾਹ ਦੇ ਵਿਰੁੱਧ ਨਹੀਂ ਜਾਣਾ ਚਾਹੀਦਾ ਅਤੇ ਕਿਸੇ ਬਿੱਲ ਨੂੰ ਸਿਰਫ਼ ਅਸਧਾਰਨ ਹਲਾਤਾਂ ਵਿੱਚ ਹੀ ਰਾਖਵਾਂ ਰੱਖਿਆ ਜਾਣਾ ਚਾਹੀਦਾ ਹੈ।"*[9]

**ਵਿੱਤੀ ਸਬੰਧ ਅਤੇ ਵਿੱਤ ਆਯੋਗ :**

ਸਰਕਾਰੀਆ ਕਮਿਸ਼ਨ ਨੇ ਸੰਘ ਅਤੇ ਰਾਜਾਂ ਵਿਚਕਾਰਲੇ ਮੌਜੂਦਾ ਵਿੱਤੀ ਸਬੰਧਾਂ ਦਾ ਵਿਸਤ੍ਰਿਤ ਅਧਿਐਨ ਕੀਤਾ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਕਈ ਸਿਫ਼ਾਰਸ਼ਾਂ ਪੇਸ਼ ਕੀਤੀਆਂ। ਕਮਿਸ਼ਨ ਨੇ ਸੁਝਾਅ ਦਿੱਤਾ ਕਿ ਰਾਜਾਂ ਨੂੰ ਆਪਣੇ ਵਿੱਤ ਪ੍ਰਬੰਧਨ ਵਿੱਚ ਅਧਿਕ ਅਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਕੇਂਦਰ ਅਤੇ ਰਾਜਾਂ ਵਿਚਕਾਰ ਰਾਜਸਵ ਦੀ ਵੰਡ ਨੂੰ ਹੋਰ ਨਿਆਂ ਸੰਗਤ ਬਣਾਉਣ ਦੀ ਲੋੜ ਹੈ। ਸਰਕਾਰੀਆ ਕਮਿਸ਼ਨ ਨੇ ਇਹ ਸਿਫ਼ਾਰਸ਼ ਵੀ ਕੀਤੀ ਕਿ ਵਿੱਤ ਆਯੋਗ ਨੂੰ ਰਾਜਾਂ ਨਾਲ ਸਲਾਹ ਮਸ਼ਵਰਾ ਕਰਕੇ ਹੀ ਆਪਣਾ ਅਧਿਕਾਰ ਖੇਤਰ ਨਿਰਧਾਰਿਤ ਕਰਨਾ ਚਾਹੀਦਾ ਹੈ।

**ਸ਼ਕਤੀਆਂ ਦੀ ਵੰਡ :**

ਸਰਕਾਰੀਆ ਕਮਿਸ਼ਨ ਕੇਂਦਰ ਅਤੇ ਰਾਜਾਂ ਦੇ ਵਿਚਕਾਰ ਵਿਸ਼ਿਆਂ ਦੀ ਵੰਡ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇ ਹੱਕ ਵਿੱਚ ਨਹੀਂ ਸੀ। ਕਮਿਸ਼ਨ ਨੇ ਸੁਝਾਅ ਦਿੱਤਾ ਕਿ ਕੇਂਦਰ ਸਰਕਾਰ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਲ ਵਿਸ਼ਿਆਂ ਉੱਤੇ ਕਾਨੂੰਨ ਬਣਾਉਂਦੇ ਸਮੇਂ ਰਾਜ ਸਰਕਾਰਾਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਸਮਵਰਤੀ ਸੂਚੀ ਦੇ ਸਿਰਫ਼ ਉਨ੍ਹਾਂ ਵਿਸ਼ਿਆਂ ਉੱਤੇ ਹੀ ਕਾਨੂੰਨ ਲਾਗੂ ਕਰਨੇ ਚਾਹੀਦੇ ਹਨ ਜੋ ਰਾਸ਼ਟਰ ਦੇ ਵੱਡੇ ਹਿੱਤਾਂ ਲਈ ਬਹੁਤ ਜ਼ਰੂਰੀ ਹੋਣ।

**ਤਿੰਨ ਭਾਸ਼ਾਈ ਫ਼ਾਰਮੂਲਾ :**

ਭਾਰਤ ਇੱਕ ਬਹੁ ਭਾਸ਼ਾਈ ਰਾਸ਼ਟਰ ਹੈ। ਭਾਰਤ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਅਲੱਗ-ਅਲੱਗ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੇਂਦਰ-ਰਾਜ ਸਬੰਧਾਂ ਵਿੱਚ ਭਾਸ਼ਾ ਇੱਕ ਮਹੱਤਵਪੂਰਨ ਮੁੱਦਾ ਰਹੀ ਹੈ ਜਿਸ ਨੇ ਸੰਘ ਅਤੇ ਰਾਜਾਂ ਵਿਚਕਾਰ ਵਿਵਾਦਾਂ ਅਤੇ ਕੁੜੱਤਣ ਨੂੰ ਵਧਾਇਆ ਹੈ। ਇਸ ਦਾ ਇੱਕ ਵੱਡਾ ਕਾਰਨ ਕੇਂਦਰ ਵੱਲੋਂ ਖੇਤਰੀ ਭਾਸ਼ਾਵਾਂ ਵੱਲ ਕੋਈ ਖ਼ਾਸ ਧਿਆਨ ਨਾ ਦੇਣਾ ਵੀ ਰਿਹਾ ਹੈ।

*"ਭਾਰਤ ਸਰਕਾਰ ਨੇ ਸੰਵਿਧਾਨ ਵਿੱਚ ਦੱਸੀਆਂ ਭਾਸ਼ਾਵਾਂ ਦੇ ਪ੍ਰਚਾਰ ਲਈ ਬਹੁਤ ਯਤਨ ਕੀਤੇ ਹਨ ਪਰ ਅਸਲ ਵਿੱਚ ਅਜਿਹਾ ਲੱਗਦਾ ਹੈ ਕਿ ਕੇਂਦਰ ਦਾ ਸਾਰਾ ਜ਼ੋਰ 'ਭਾਰਤ ਦੀ ਸੰਪਰਕ ਭਾਸ਼ਾ' ਦੇ ਵਿਸ਼ੇ ਉੱਤੇ ਹੀ ਰਿਹਾ ਹੈ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਵਿਕਾਸ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ।"*[10]

ਸਰਕਾਰੀਆ ਕਮਿਸ਼ਨ ਨੇ ਭਾਸ਼ਾ ਸਬੰਧੀ ਸੁਝਾਅ ਦਿੱਤਾ ਕਿ ਸਰਕਾਰੀ ਕੰਮ ਸਥਾਨਕ ਭਾਸ਼ਾ ਵਿੱਚ ਹੋਣਾ ਚਾਹੀਦਾ ਹੈ। ਸਾਰੇ ਮਹੱਤਵਪੂਰਨ ਫਾਰਮ, ਅਰਜ਼ੀਆਂ, ਬਿੱਲ ਨੋਟਿਸ ਆਦਿ ਵੀ ਸਥਾਨਕ ਭਾਸ਼ਾ ਵਿੱਚ ਉਪਲਬਧ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਭਾਸ਼ਾ ਸਬੰਧੀ ਸਿਫ਼ਾਰਸ਼ ਕਰਦਿਆਂ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਕਿ :-

*"ਤਿੰਨ ਭਾਸ਼ਾਈ ਫ਼ਾਰਮੂਲਾ ਨੂੰ ਪੂਰੇ ਦੇਸ਼ ਵਿੱਚ ਇਕਸਾਰ ਲਾਗੂ ਕਰਨ ਲਈ ਢੁਕਵੇਂ ਕਦਮ ਚੁੱਕੇ ਜਾਣੇ ਚਾਹੀਦੇ ਹਨ।"*[11]

ਉਪਰੋਕਤ ਵਿਚਾਰਾਂ ਨੂੰ ਸਮੇਟਦਿਆਂ ਅਸੀਂ ਕਹਿ ਸਕਦੇ ਹਾਂ ਕਿ ਸਰਕਾਰੀਆ

ਕਮਿਸ਼ਨ ਨੇ ਕੇਂਦਰ-ਰਾਜ ਸਬੰਧਾਂ ਵਿੱਚ ਤਣਾਅ ਦੇ ਮੁੱਖ ਕਾਰਨਾਂ ਦਾ ਵਿਸਤ੍ਰਿਤ ਅਧਿਐਨ ਕੀਤਾ ਅਤੇ ਕੇਂਦਰ-ਰਾਜ ਸਬੰਧਾਂ ਨੂੰ ਸੁਧਾਰਨ ਲਈ ਬਹੁਤ ਸਾਰੇ ਸੁਝਾਅ ਅਤੇ ਸਿਫ਼ਾਰਸ਼ਾਂ ਆਪਣੀ ਰਿਪੋਰਟ ਵਿੱਚ ਪੇਸ਼ ਕੀਤੀਆਂ ਪ੍ਰੰਤੂ ਹੁਣ ਤੱਕ ਵੀ ਸਰਕਾਰੀਆ ਕਮਿਸ਼ਨ ਦੀਆਂ ਸਾਰੀਆਂ ਸਿਫ਼ਾਰਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ। ਕਮਿਸ਼ਨ ਦੁਆਰਾ ਪੇਸ਼ ਕੀਤੀਆਂ ਗਈਆਂ 247 ਸਿਫ਼ਾਰਸ਼ਾਂ ਵਿੱਚੋਂ ਕੁਝ ਕੁ ਸਿਫ਼ਾਰਸ਼ਾਂ ਨੂੰ ਹੀ ਲਾਗੂ ਕੀਤਾ ਜਾ ਸਕਿਆ ਹੈ। ਸਰਕਾਰੀਆ ਕਮਿਸ਼ਨ ਦੀ ਸਿਫ਼ਾਰਸ਼ ਨੂੰ ਸਵੀਕਾਰ ਕਰਦਿਆਂ 1990 ਵਿੱਚ 'ਅੰਤਰ-ਰਾਜੀ ਕੌਂਸਲ' ਦੀ ਸਥਾਪਨਾ ਕਰਨਾ, ਕੇਂਦਰ-ਰਾਜ ਸਬੰਧਾਂ ਦੇ ਇਤਿਹਾਸ ਵਿੱਚ ਇੱਕ ਵੱਡਾ ਅਤੇ ਮਹੱਤਵਪੂਰਨ ਕਦਮ ਸੀ ਪਰੰਤੂ ਇਹ ਕਹਿਣ ਵਿੱਚ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸਰਕਾਰੀਆ ਕਮਿਸ਼ਨ ਜਿਸ ਉਦੇਸ਼ ਭਾਵ ਕੇਂਦਰ-ਰਾਜ ਸਬੰਧਾਂ ਵਿੱਚ ਤਣਾਅ ਨੂੰ ਖ਼ਤਮ ਕਰਨ ਲਈ ਸਥਾਪਿਤ ਕੀਤਾ ਗਿਆ ਸੀ। ਇਹ ਕਮਿਸ਼ਨ ਆਪਣੇ ਉਸ ਉਦੇਸ਼ ਵਿੱਚ ਪੂਰਨ ਰੂਪ ਵਿੱਚ ਸਫਲ ਨਹੀਂ ਹੋ ਸਕਿਆ ਜਿਸ ਦਾ ਇੱਕ ਵੱਡਾ ਕਾਰਨ ਵੱਖ-ਵੱਖ ਕੇਂਦਰ ਸਰਕਾਰਾਂ ਦੁਆਰਾ ਸਰਕਾਰੀਆ ਕਮਿਸ਼ਨ ਦੀਆਂ ਸਾਰੀਆਂ ਸਿਫ਼ਾਰਸ਼ਾਂ ਨੂੰ ਲਾਗੂ ਨਾ ਕਰਨਾ ਵੀ ਰਿਹਾ ਹੈ।

## ***ਹਵਾਲੇ ਅਤੇ ਟਿੱਪਣੀਆਂ***


1. *Wheare,K.C. "Federal Government" London: Oxford University Press, 4th Ed.,1963, Page:60*
2. *Walia,Kuldeep "Planning Commission and Finance Commission in India" International Journal of Computing and Business Research, Vol.4, 3 Sep.,2013, Page:2*
3. *Vikas "Role of Sarkaria Commission in Centre-State Relations" International Journal of Research, Vol.2, 7 July,2015, Page:764*
4. *Singh,Dharmendra Kumar "An Analysis of Pre and Post S.R. Bommai Scenario with Reference to President's Rule in States" International Journal of Humanities and Social Science Invention, Vol.6, 6 June,2017, Page:6*
5. *Sharma,Chanchal Kumar "Intergovernmental Coordination Mechanisms in India: A Review" South Asian Journal Of Socio-Political Studies" 1 January,2011, Page:15*
6. *Bagchi,Niloy "Centre-State Relations in India in the Light of Co-operative Federalism" South-Asian Journal of Multidisciplinary Studies, Vol.6, Page:278*
7. *Fadia,B.L. "All India Services and Sarkaria Commission Report" Indian Journal of Public Administration, 1 October,1991, Page:654*
8. *Singh,Shubh N. "Centre-State Relations in India: Major Irritants and Post Sarkaria Review" H.K. Publisher, New Delhi, 1990, Page:120*
9. *Tiwari,O.P. "Federalism and Centre-State Relations in India: Towards a New Era of Mutual Corporation" Deep and Deep Publication, New Delhi, 1996, Page:298*
10. *ਪੁਰੀ, ਕੇ.ਕੇ. ਅਤੇ ਢਿੱਲੋਂ, ਅਮਰਜੀਤ ਸਿੰਘ (ਸੰਪਾਦਕ), "ਕੇਂਦਰ-ਰਾਜ ਸਬੰਧ: ਇੱਕ ਸਰਵੇਖਣ" ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,1985, ਪੰਨਾ:114*
11. *The Sarkaria Commission Report 1987, Para 20.1.20, Page:527*



### ***Cite this Article-***

*ਜਸਪਾਲ ਸ਼ਰਮਾ (JASPAL SHARMA), ਭਾਰਤ ਵਿੱਚ ਕੇਂਦਰ-ਰਾਜ ਸਬੰਧ: ਸਰਕਾਰੀਆ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਵਿਸ਼ਲੇਸ਼ਣ (Bharat Vich Kender-Raj Sanbandh: Sarkaria Commission Dia Sifarshan Da Vishleshan), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 01-04.*

*Journal URL: www.armaan.org.in*

*DOI: https://doi.org/10.64119/armaan.vol.4.issue1.01*


*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/